¼7½

# ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

## ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ

ਸੰ. ਐਫ.02/07/2020/ਐਸ.I/02 ਮਿਤੀ 28.03.2020

### ਹੁਕਮ

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਕੋਵਿਡ-19 ਮਹਾਮਾਰੀ ਦੇ ਫੈਲਣ ਤੋਂ ਚਿੰਤਤ ਹੈ, ਜਿਸ ਨੂੰ ਵਿਸ਼ਵ ਸਿਹਤ ਸੰਗਠਨ ਦੁਆਰਾ ਪਹਿਲਾਂ ਹੀ ਸੰਸਾਰਕ ਮਹਾਮਾਰੀ ਐਲਾਨ ਕੀਤਾ ਜਾ ਚੁੱਕਿਆ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਵਿਚ ਇਸ ਮਹਾਮਾਰੀ ਨੂੰ ਫੈਲਣ ਤੋਂ ਰੋਕਣ ਲਈ ਪ੍ਰਭਾਵੀ ਕਦਮ ਚੁੱਕੇ ਜਾਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ ਅਤੇ ਇਹ ਕਿ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਚ ਸਿਹਤ ਢਾਂਚੇ ਸਮੇਤ ਜ਼ਰੂਰੀ ਸੇਵਾਵਾਂ ਅਤੇ ਵਸਤੂਆਂ ਦੀ ਪੂਰਤੀ ਬਣਾਈ ਰੱਖਣ ਨੂੰ ਪੱਕਾ ਕਰਦੇ ਹੋਏ ਵੱਖ-ਵੱਖ ਯੋਜਨਾਵਾਂ ਲਾਗੂ ਅਤੇ ਕਾਰਜਸ਼ੀਲ ਕਰਨ ਵਿਚ ਲਗਾਤਾਰਤਾ ਬਣਾਉਣ ਦੀ ਲੋੜ ਹੈ।

2- ਅਤੇ ਜਦੋਂ ਕਿ ਸਾਰੀਆਂ ਜ਼ਰੂਰੀ ਵਸਤਾਂ/ਦਵਾਈਆਂ/ ਸਿਹਤ ਉਪਕਰਨਾਂ/ਪਸ਼ੂਆਂ ਅਤੇ ਜਾਨਵਰਾਂ ਲਈ ਚਾਰਾ/ਮੁਰਗੀ ਦਾਣਾ/ਪੈਟ੍ਰੋਲੀਅਮ ਉਤਪਾਦਾਂ/ਐਲ. ਪੀ. ਜੀ./ਖੁਰਾਕ ਉਤਪਾਦਾਂ ਆਦਿ ਦੀ ਆਵਾਜਾਈ ਦੀ ਸਹੂਲਤ ਦੀ ਲੜੀ ਵਿਚ, ਵੱਖ-ਵੱਖ ਰਾਜ ਸਰਕਾਰਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੁਆਰਾ ਪਾਸ ਜਾਰੀ ਕੀਤੇ ਗਏ ਹਨ।

3- ਇਸ ਲਈ, ਹੁਣ, ਸਾਰੀਆਂ ਜ਼ਰੂਰੀ ਵਸਤਾਂ ਦੀ ਸੀਮਾ-ਪਾਰ ਆਵਾਜਾਈ ਅਤੇ ਪਰਿਵਹਨ ਲਈ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਦੇ ਉਪਰਲੇ ਹੁਕਮਾਂ ਤਹਿਤ ਅਤੇ ਆਫ਼ਤ ਪ੍ਰਬੰਧਨ ਅਥਾਰਟੀ ਦੇ ਉਪਰਲੇ ਹੁਕਮਾਂ ਦੇ ਤਹਿਤ ਅਤੇ ਆਫ਼ਤ ਪ੍ਰਬੰਧਨ ਦੀ ਧਾਰਾ 22 ਦੇ ਤਹਿਤ ਮੌਜੂਦ ਸ਼ਕਤੀਆਂ ਦੀ ਪਾਲਣਾ ਕਰਦੇ ਹੋਏ, ਰਾਜ ਕਾਰਜਕਾਰੀ ਸਮਿਤੀ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ, ਰਾ.ਰਾ.ਖੇ., ਦਿੱਲੀ ਸਰਕਾਰ ਦੇ ਮੁਖੀ ਦੇ ਰੂਪ ਵਿਚ, ਨਿਮਨ ਹਸਤਾਖ਼ਰੀ ਦੁਆਰਾ, ਪਹਿਲੇ ਹੁਕਮ ਨੰ. 121, ਮਿਤੀ 25.03.2020 ਅਤੇ ਉਸ ਦੇ ਬਾਅਦ ਹੁਕਮ ਨੰ. 122, ਮਿਤੀ 26.03.2020 ਦੀ ਲੜੀ ਵਿਚ, ਸਾਰੇ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਅਤੇ ਜ਼ਿਲ੍ਹੇ ਦੇ ਪੁਲੀਸ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਹੋਰਨਾ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੁਆਰਾ ਜਾਰੀ ਪਾਸਾਂ ਨੂੰ ਮਾਨਤਾ ਦਿੱਤੀ ਜਾਵੇ ਅਤੇ ਅਜਿਹੇ ਪਾਸ ਧਾਰਕਾਂ ਨੂੰ (ਅਤੇ ਇਨ੍ਹਾਂ ਦੇ ਵਾਹਨਾਂ ਨੂੰ) ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੀਆਂ ਸਰਹੱਦਾਂ ਵਿਚ ਆਵਾਜਾਈ ਦੀ ਆਗਿਆ ਦਿੱਤੀ ਜਾਏ।

4- ਇਹ ਹੁਕਮ ਦਿੱਲੀ ਦੇ ਸਾਰੇ ਹਿੱਸਿਆਂ ਵਿਚ 14 ਅਪ੍ਰੈਲ, 2020 ਦੀ ਅੱਧੀ ਰਾਤ ਤੱਕ ਲਾਗੂ ਰਹੇਗਾ।

(ਵਿਜੇ ਦੇਵ)
ਮੁੱਖ ਸਕੱਤਰ, ਦਿੱਲੀ

1- ਸਾਰੇ ਵਧੀਕ ਮੁੱਖ ਸਕੱਤਰ/ਪ੍ਰਮੁੱਖ ਸਕੱਤਰ/ਸਕੱਤਰ/ਐਚ.ਓ.ਡੀ., ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

2- ਪੁਲਿਸ ਕਮਿਸ਼ਨਰ, ਦਿੱਲੀ

3- ਸਾਰੇ ਜ਼ਿਲ੍ਹਾ ਮੈਜਿਸਟ੍ਰੇਟ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

Scanned with CamScanner

4- ਸਾਰੇ ਜ਼ਿਲ੍ਹਾ ਪੁਲੀਸ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਕਾਪੀ :-

1- ਸਾਰੇ ਮੈਂਬਰ, ਰਾਜ ਕਾਰਜਕਾਰੀ ਸਮਿਤੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

2- ਪ੍ਰਧਾਨ ਸਕੱਤਰ, ਉਪ-ਰਾਜਪਾਲ, ਦਿੱਲੀ।

3- ਵਧੀਕ ਸਕੱਤਰ, ਮਾਣਯੋਗ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

4- ਸਕੱਤਰ, ਮਾਣਯੋਗ ਉੱਪ ਮੁੱਖ-ਮੰਤਰੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

5- ਸਕੱਤਰ, ਮਾਣਯੋਗ ਸਿਹਤ ਮੰਤਰੀ, ਦਿੱਲੀ

6- ਕਮਿਸ਼ਨਰ (ਦੱਖਣੀ ਦਿੱਲੀ ਨਗਰ ਨਿਗਮ/ਪੂਰਬੀ ਦਿੱਲੀ ਨਗਰ ਨਿਗਮ/ਉੱਤਰੀ ਦਿੱਲੀ ਨਗਰ ਨਿਗਮ)।

7- ਸਾਰੇ ਖੇਤਰੀ ਡਿਪਟੀ ਕਮਿਸ਼ਨਰ (ਦੱਖਣੀ ਦਿੱਲੀ ਨਗਰ ਨਿਗਮ/ਪੂਰਬੀ ਦਿੱਲੀ ਨਗਰ ਨਿਗਮ/ਉੱਤਰੀ ਦਿੱਲੀ ਨਗਰ ਨਿਗਮ)।

8- ਡਾਇਰੈਕਟਰ, ਸੂਚਨਾ ਅਤੇ ਪ੍ਰਚਾਰ ਨਿਦੇਸ਼ਾਲਾ ਨੂੰ ਵਧੇਰੇ ਪ੍ਰਚਾਰ ਲਈ।

9- ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈੱਬ-ਸਾਈਟ 'ਤੇ ਅੱਪਲੋਡ ਕਰਨ ਲਈ।

Scanned with CamScanner